# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **25-07-2019**

# ਦੀ ਕਾਰਵਾਈ

(ਮਤਾ ਨੰ: **101-121** )

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 25-07-2019 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, .............. ਮੈਂਬਰ
4. ਸ਼੍ਰੀ ਗਿਆਨ ਚੰਦ, ਕੌਂਸਲਰ .......................................... ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ................ ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.7.2019

ਮੀਟਿੰਗ ਦੀ ਸੁਰੂਆਤ ਤੇ ਸੀਨਿਅਰ ਡਿਪਟੀ ਮੇਅਰ ਜੀ ਵਲੋਂ ਮੁੱਦਾ ਉਠਾਇਆ ਗਿਆ ਕਿ ਮੈਸਰਜ਼ ਪੀ.ਸੀ.ਪੀ. ਇੰਟਰਨੈਸ਼ਨਲ ਲਿਮਿਟਡ ਵਲੋਂ ਜਿਹੜੀਆਂ ਲਾਈਟਾਂ ਲਗਾਈਆਂ ਗਈਆਂ ਸਨ, ਜ਼ਿਆਦਾਤਰ ਬੰਦ ਪਈਆਂ ਹਨ ਅਤੇ ਆਮ ਪਬਲਿਕ ਵਲੋਂ ਵਾਰ ਵਾਰ ਇਸ ਸਬੰਧੀ ਸ਼ਿਕਾਇਤਾਂ ਦਿੱਤੀਆਂ ਜਾ ਰਹੀਆਂ ਹਨ । ਇਸ ਸਬੰਧੀ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਦੱਸਿਆ ਕਿ ਮੈਸਰਜ਼ ਪੀ.ਸੀ.ਪੀ. ਇੰਟਰਨੈਸ਼ਨਲ ਲਿਮਿਟਡ ਨਾਲ ਇਕਰਾਰਨਾਮਾ ਰੱਦ ਕੀਤਾ ਜਾ ਚੁੱਕਾ ਹੈ । ਕੰਪਨੀ ਵਲੋਂ ਲਗਾਈਆਂ ਗਈਆਂ ਲਾਈਟਾਂ ਨੂੰ ਜਗਾਉਣ ਲਈ ਸੀ.ਸੀ.ਐਮ.ਐਸ. ਨੂੰ ਡੈਮੇਜ਼ ਕਰਨਾ ਪਵੇਗਾ ਅਤੇ ਜਦ ਸਮਾਰਟ ਸਿਟੀ ਮਿਸ਼ਨ ਤਹਿਤ ਲਾਈਟਾਂ ਲਗਾਈਆਂ ਜਾਣਗੀਆਂ ਤਾਂ ਵਿੱਤੀ ਇੰਪਲੀਕੇਸ਼ਨਜ਼ ਹੋਣਗੀਆਂ । ਕਮੇਟੀ ਵਲੋਂ ਸਰਵਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਟਰਮੀਨੇਟਡ ਪੀ.ਸੀ.ਪੀ. ਇੰਟਰਨੈਸ਼ਨਲ ਲਿਮਿਟਡ ਕੰਪਨੀ ਵਲੋਂ ਲਗਾਈਆਂ ਜਾ ਚੁੱਕੀਆਂ ਐਲ.ਈ.ਡੀ. ਲਾਈਟਾਂ ਨੂੰ ਸਮਾਰਟ ਸਿਟੀ ਤਹਿਤ ਲਗਾਈਆਂ ਜਾਣ ਵਾਲੀਆਂ ਐਲ.ਈ.ਡੀ. ਲਾਈਟਾਂ ਨੂੰ ਸਿਸਟਮ ਨਾਲ ਇੰਟੈਗਰੇਟ ਕਰ ਦਿੱਤਾ ਜਾਵੇਗਾ ਅਤੇ ਜਦ ਤੱਕ ਇਹ ਕੰਮ ਨਹੀਂ ਹੁੰਦਾ ਫਿਲਹਾਲ ਲਾਈਟਾਂ ਨੂੰ ਚਲਾ ਦਿੱਤਾ ਜਾਵੇ ਅਤੇ ਜ਼ੋ ਵੀ ਵਿੱਤੀ ਇੰਪਲੀਕੇਸ਼ਨਜ਼ ਹੋਣਗੀਆਂ ਤਾਂ ਉਹ ਨਗਰ ਨਿਗਮ ਵਲੋਂ ਸਹਿਣ ਕੀਤਾ ਜਾਵੇਗਾ।

ਮੇਅਰ ਜੀ ਨੇ ਕਮਿਸ਼ਨਰ ਜੀ ਨੂੰ 550 ਪੌਦੇ ਖ਼ਰੀਦਣ ਸਬੰਧੀ ਮਿਸਲ ਦੇ ਕੇ ਸਵਾਲ ਉਠਾਇਆ ਕਿ ਇਸ ਮਿਸਲ ਵਿੱਚ ਜਿਹੜੀਆਂ ਪੌਦੇ ਲਗਾਉਣ ਸਬੰਧੀ ਫੋਟੋਆਂ ਨੱਥੀ ਕੀਤੀਆਂ ਗਈਆਂ ਹਨ, ਉਹਨਾਂ ਵਿੱਚ ਕਿਸੇ ਵੀ ਕੌਂਸਲਰ ਦੀ ਸ਼ਮੂਲੀਅਤ ਨਜ਼ਰ ਨਹੀਂ ਆ ਰਹੀ । ਉਹਨਾਂ ਹਦਾਇਤ ਕੀਤੀ ਕਿ ਕੌਂਸਲਰਾਂ ਨੂੰ ਨਾਲ ਲੈ ਕੇ ਉਹਨਾਂ ਦੀ ਮੰਗ ਅਨੁਸਾਰ ਪੌਦੇ ਦਿੱਤੇ ਜਾਣ । ਇਸ ਸਬੰਧੀ ਉਹਨਾਂ ਨਿਗਰਾਨ ਇੰਜੀਨਿਅਰ(ਬੀ ਐਂਡ ਆਰ) ਨੂੰ ਹਦਾਇਤਾਂ ਜਾਰੀ ਕੀਤੀਆਂ ।

ਮੇਅਰ ਜੀ ਨੇ ਸੰਯੁਕਤ ਕਮਿਸ਼ਨਰ (ਏ) ਨੂੰ ਕਿਹਾ ਕਿ ਕਲ੍ਹ ਤੁਸੀਂ ਫੁਟ ਓਵਰ ਬ੍ਰਿਜ ਸਬੰਧੀ ਮੀਟਿੰਗ ਰੱਖੀ ਸੀ ਅਤੇ ਸਬੰਧਤ ਕਮੇਟੀ ਦੇ ਮੈਂਬਰ ਦਫ਼ਤਰ ਆ ਕੇ ਬੈਠੇ ਰਹੇ ਅਤੇ ਤੁਸੀਂ ਉਨਾਂ ਦਾ ਫੋਨ ਵੀ ਨਹੀਂ ਉਠਾਇਆ ਤੇ ਨਾ ਹੀ ਮੀਟਿੰਗ ਕੀਤੀ ਗਈ । ਇਸ ਤੇ ਸੰਯੁਕਤ ਕਮਿਸ਼ਨਰ(ਏ) ਨੇ ਦੱਸਿਆ ਕਿ ਇਹ ਮੀਟਿੰਗ ਉਨਾਂ ਵਲੋਂ ਨਹੀਂ ਬੁਲਾਈ ਗਈ ਸੀ ਅਤੇ ਨਾ ਹੀ ਉਨਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਸੀ ।ਉਹ ਤਾਂ ਕਲ੍ਹ ਸਵੱਛ ਭਾਰਤ ਮਿਸ਼ਨ ਤਹਿਤ ਇੱਕ ਟੀਮ ਸਕੂਲਾਂ ਦੇ ਬੱਚਿਆਂ ਨਾਲ ਮੀਟਿੰਗ ਕਰਵਾਉਣ ਵਿੱਚ ਰੁੱਝੇ ਹੋਏ ਸਨ । ਜਿਹੜੀ ਮੀਟਿੰਗ ਇਸ ਸਬੰਧੀ ਪਹਿਲਾਂ ਕੀਤੀ ਜਾ ਚੁੱਕੀ ਹੈ, ਉਸ ਦੀ ਕਾਰਵਾਈ ਮੇਅਰ ਜੀ ਨੂੰ ਭੇਜ਼ ਦੇਣਗੇ ।

ਮੀਟਿੰਗ ਦੌਰਾਣ ਸੀ.ਈ.ਓ. ਸਮਾਰਟ ਸਿਟੀ ਵਲੋਂ ਕਮੇਟੀ ਨੂੰ ਜਾਣੂ ਕਰਵਾਇਆ ਗਿਆ ਕਿ ਐਲ.ਈ.ਡੀ. ਲਾਈਟਾਂ ਦੇ ਟੈਂਡਰ ਅਗੱਸਤ, 2019 ਵਿੱਚ ਖੁਲ੍ਹਣੇ ਹਨ ਅਤੇ ਆਰ.ਐਫ.ਪੀ. ਦੀਆਂ ਕੰਡੀਸ਼ਨਜ ਅਨੁਸਾਰ ਲਗਾਈਆਂ ਜਾਣ ਵਾਲੀਆਂ ਲਾਈਟਾਂ ਦੀ ਮੇਨਟੀਨੈਂਸ ਜਿਹੜੀ ਕਿ ਪੂਰੀਆਂ ਲਾਈਟਾਂ ਲੱਗ ਜਾਣ ਬਾਅਦ ਸੁਰੂ ਹੋਣੀ ਹੈ, ਸਬੰਧੀ ਐਸਕਰੋ ਅਕਾਉਂਟ ਖੋਲ੍ਹਣ ਦੀ ਹੈ, ਜਿਸ ਲਈ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ । ਕਮੇਟੀ ਵਲੋਂ ਸਰਵਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਸ ਅਕਾਂਉਂਟ ਖੋਲ੍ਹਣ ਲਈ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੇਅਰ ਜੀ ਵਲੋਂ ਮੰਜ਼ੂਰੀ ਦੇ ਦਿੱਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.7.2019

**ਮਤਾ ਨੰਬਰ:-101**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 28.06.2019 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 28.6.2019 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ :

ਮੇਅਰ ਜੀ ਵਲੋਂ ਕਿਹਾ ਗਿਆ ਕਿ ਪਿਛਲੀ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਸੀ ਕਿ ਵਾਟਰ ਸਪਰਿੰਕਲਰਾਂ ਸਬੰਧੀ ਜਾਂਚ ਸੰਯੁਕਤ ਕਮਿਸ਼ਨਰ (ਏ) ਕਰਨਗੇ, ਬਾਬਤ ਰਿਪੋਰਟ ਮੰਗੀ ਗਈ ਜਿਸ ਤੇ ਸੰਯੁਕਤ ਕਮਿਸ਼ਨਰ(ਏ) ਵਲੋਂ ਦੱਸਿਆ ਗਿਆ ਕਿ ਜਾਂਚ ਲਗਭਗ ਮੁੰਕਮਲ ਕਰ ਲਈ ਗਈ ਹੈ ਅਤੇ ਜਲਦ ਇਹ ਜਾਂਚ ਰਿਪੋਰਟ ਪੇਸ਼ ਕਰ ਦਿੱਤੀ ਜਾਵੇਗੀ । ਇਹਨਾਂ ਪ੍ਰੇਖਣਾ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

ਮਤਾ ਨੰਬਰ:-102

ਵਿਸ਼ਾ:- ਪੰਜਾਬ ਅਰਬਨ ਇੰਨਵਾਇਰਮੈਂਟ ਇੰਮਪਰੂਵਮੈਂਟ ਪ੍ਰੋਗਰਾਮ ਤਹਿਤ ਵਿਕਾਸ ਦੇ ਕੰਮਾਂ ਦੇ ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No | W. No | Name of Work | Est. Amt. | BOQ Amt | Saving %age | Tender Amt. | Name of Agency | Tender called (No. of times) | No. of Tender Received | House Resolution |
|---|---|---|---|---|---|---|---|---|---|---|
| 1. | Gen. | Const. of streets with interlocking tiles in Vill. Khambra. | 35.34 | 35.34 | 28.00 | 25.44 | Jaswinderjit Singh | 1st Time | 03 | Anticipation Dt. 26.02.19 |
| 2. | 21/ 26 | Concrete road near Gill Hospital | 15.60 | 15.60 | 23.10 | 12.00 | The Bhagwati Co-op. L/C Society Ltd. | 1st Time | 04 | Anticipation Dt. 26.02.19 |
| 3. | 63 | Const of cc streets at Globe colony | 18.72 | 18.59 | 22.65 | 14.38 | The Punjab Engg. Co-op. L/C Society Ltd. | 1st Time | 04 | Anticipation Dt. 26.02.19 |
| 4. | 54 | Const. of CC flooring in Street at Partap Bagh | 13.42 | 13.32 | 22.65 | 10.30 | The Punjab Engg. L/C Society Ltd. | 1st Time | 05 | Anticipation Dt. 26.02.19 |
| 5. | 60 | Const of cc flooring in streets of Preet Nagar | 4.35 | 4.26 | 21.21 | 3.36 | The Danishmanda Co-op. L/C Society Ltd. | 1st Time | 06 | Anticipation Dt. 26.02.19 |
| 6. | 28 | Const. of streets Mithapur (Inner) with interlocking tiles. | 16.42 | 16.42 | 21.10 | 12.96 | The Bhagwati Co-op. L/C Society Ltd. | 1st Time | 04 | Anticipation Dt. 26.02.19 |
| 7. | 80 | Const. of CC roads near Jinda road. | 4.54 | 4.12 | 18.65 | 3.35 | The Punjab Engg. Co-op. L/C Society Ltd. | 1st Time | 05 | Anticipation Dt. 26.02.19 |
| 8. | 19 | P/L RMC in Ramesh colony | 18.93 | 18.55 | 18.36 | 15.14 | The Laxmi Co-op. L/C Society Ltd. | 1st Time | 03 | Anticipation Dt. 26.02.19 |
| 9. | 69 | Const. of cc streets at Arya Nagar | 6.30 | 6.08 | 18.18 | 4.97 | The Danishmanda Co-op. L/C Society ltd. | 1st Time | 05 | Anticipation Dt. 26.02.19 |
| 10. | 57 | Const. of CC flooring in mohalla Kishanpura | 18.07 | 17.96 | 17.87 | 14.75 | The Moga Co-op. L/C Society Ltd. | 1st Time | 03 | Anticipation Dt. 26.02.19 |
| 11. | 53 | Const. of CC flooring in streets near Khingra Gate | 10.16 | 9.34 | 16.65 | 7.78 | The Punjab Engg. Co-op. L/C Society Ltd. | 1st Time | 04 | Anticipation Dt. 26.02.19 |
| 12. | 59 | Const. of CC flooring near Baba Punnu wali gali in Santokhpura | 5.50 | 5.47 | 11.87 | 4.82 | The Moga Co-op. L/C Society Ltd. | 1st Time | 03 | Anticipation Dt. 26.02.19 |
| 13. | 63 | Const of cc streets at Laathimaar Mohalla and Saipur | 5.57 | 5.48 | 9.00 | 4.99 | Inder prast Co-op. L/C Society Ltd. | 1st Time | 03 | Anticipation Dt. 26.02.19 |
| 14. | 66 | Const. of CC streets at Sangran mohalla | 8.42 | 8.39 | 8.00 | 7.72 | Inder Prast Co-op. L/C Society Ltd. | 1st Time | 03 | Anticipation Dt. 26.02.19 |
| 15. | 3 | Development of park at Gadaipur | 4.50 | 3.47 | 5.65 | 3.27 | The Punjab Engg. Co-op. L/C Society Ltd. | 1st Time | 04 | Anticipation Dt. 26.02.19 |
| 16. | 66 | Const. of CC Streets at Neela Mahal | 12.35 | 11.48 | 4.59 | 10.95 | The Laxmi Co-op. L/C Society Ltd. | 1st Time | 03 | Anticipation Dt. 26.02.19 |
| 17. | 72 | Boundary wall shamshan ghat ward no. 72 | 11.53 | 11.41 | 3.00 | 11.07 | The Bluemoon Co-op. L/C Society Ltd. | 1st Time | 05 | Anticipation Dt. 26.02.19 |
| 18. | Gen | Const. of Boundary wall at Burlton Park | 10.85 | 10.85 | 2.97 | 10.53 | The Laxmi Co-op. L/C Society Ltd. | 1st Time | 03 | Anticipation Dt. 26.02.19 |
| 19. | 28 | Park Opp. Hardeep Workshop | 8.00 | 8.00 | 2.79 | 7.78 | The Laxmi Co-op. L/C Society | 1st Time | 03 | Anticipation Dt. 26.02.19 |
| 20. | Gen | Renovation & development of Shivpuri Basti Danishmanda | 7.42 | 7.42 | 2.79 | 7.21 | The Laxmi Co-op. L/C Society Ltd. | 1st Time | 03 | Anticipation Dt. 26.02.19 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ । ਇਹ ਵੀ ਫੈਸਲਾ ਹੋਇਆ ਕਿ ਲੜੀ ਨੰ: 7 ਤੋਂ 20 ਤੱਕ ਦੇ ਟੈਂਡਰਾ ਸਬੰਧੀ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸਬੰਧਤ ਠੇਕੇਦਾਰ ਅਜੰਸੀਆਂ ਨਾਲ ਹੋਰ ਰੇਟ ਘਟਾਉਣ ਲਈ ਨੈਗੋਸ਼ਿਏਸ਼ਨ ਕਰ ਲੈਣ ਅਤੇ ਕਮੇਟੀ ਨੂੰ ਉਸ ਬਾਬਤ ਜਾਣਕਾਰੀ ਦੇ ਦਿੱਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

ਮਤਾ ਨੰਬਰ:-103

ਵਿਸ਼ਾ:- ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No | W. No | Name of Work | Est. Amt. | BOQ Amt | Saving %age | Tender Amt. | Name of Agency | Tender called (No. of times) | No. of Tender Received | House Resolution |
|---|---|---|---|---|---|---|---|---|---|---|
| **1** | 9 | P/F interlocking tiles 60mm thick in Beant Nagar Part-II | 45.13 | 42.14 | 18.99 | 34.14 | S.S. Engg. and builders | 2nd time | 6 | 100(11) 25.6.2018 |
| **2** | 44 | Const. of CC streets of main road of 6vi Patshahi Gurudwara to Dussehra Ground. | 13.71 | 13.54 | 12.95 | 11.79 | The Tejmohan Nagar Co-op. L/C Society | 1st Time | 05 | 99(47) 25.06.2018 |
| **3** | 20 | P/F of CC 1:2:4 in the street of Abadpura Mohalla | 10.55 | 10.11 | 7.68 | 9.33 | Vikas Gambhir Govt. Contractor | 4th Time | 1 | 100(59) 25.6.2018 |
| **4** | Gen | Patch work on old G.T. Road | 27.96 | 23.53 | 4.88 | 22.38 | Satish Aggarwal & Co. | 4st Time | 1 | Anticipation Dt. 15.11.2018 |
| **5** | 64 | Const. of CC road at Shiv Nagar. | 1.74 | 1.71 | 1.80 | 1.68 | The Laxmi Co-op. L/C Society Ltd. | 4st Time | 1 | 97(70) 25.6.2018 |
| **6** | 64 | Const. of wall along Ganda Nala Shaheed Bhagat Singh Coloney | 13.17 | 13.14 | 1.80 | 12.90 | The Laxmi Co-op. L/C Society Ltd. | 4th Time | 1 | 97(65) 25.6.2018 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰਬਰ:-104**

ਵਿਸ਼ਾ:- ਪ੍ਰਾਪਰਟੀ ਨੰ: ਬੀ-1/509, ਮਾਈ ਹੀਰਾਂ ਗੇਟ ਸਰਕੂਲਰ ਰੋਡ ਤੇ ਸਥਿਤ ਬਿਲਡਿੰਗ ਦੀ ਖਤਰਨਾਕ ਹਾਲਤ ਸਬੰਧੀ।

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ: 94 ਮਿਤੀ 28.6.2019 ਦੇ ਸਬੰਧ ਵਿਚ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 15.7.2019 ਕਿ ਵਿਸ਼ੇ ਅਧੀਨ ਦਰਸਾਈ ਖਤਰਨਾਕ ਬਿਲਡਿੰਗ ਨੂੰ ਡੀਮੋਲਿਸ਼ ਕਰਨ ਲਈ ਟੈਂਡਰ ਕਾਲ ਕਰਨ ਉਪਰੰਤ ਅੰਤਿਮ ਪ੍ਰਵਾਨਗੀ ਲਈ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 28-06-2019 ਵਿੱਚ ਮਤਾ ਨੰ:94 ਭੇਜਿਆ ਗਿਆ ਸੀ। ਜਿਸ ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ:-

*ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਇਹ ਵੀ ਫੈਸਲਾ ਹੋਇਆ ਕਿ ਇਸ ਬਿਲਡਿੰਗ ਦਾ ਮੌਕਾ ਸਬੰਧਤ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਵੱਲੋ ਸ੍ਰੀ ਗਿਆਨ ਚੰਦ, ਮੈਂਬਰ ਅਤੇ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਦਿਖਾਇਆ ਜਾਵੇ ਅਤੇ ਅਗਲੀ ਮੀਟਿੰਗ ਵਿੱਚ ਉਸ ਦੀ ਰਿਪੋਰਟ ਪੇਸ਼ ਕੀਤੀ ਜਾਵੇ।*

ਉਪਰੋਕਤ ਫੈਸਲੇ ਦੀ ਪਾਲਣਾ ਹਿੱਤ ਨਿਮਨ ਹਸਤਾਖਰ ਵੱਲੋ ਵਿੱਤ ਅਤੇ ਠੇਕਾ ਕਮੇਟੀ ਦੇ ਮੈਂਬਰ ਸਾਹਿਬਾਨਾਂ ਨਾਲ ਸਮੇਂ-ਸਮੇਂ ਸਿਰ ਸੰਪਰਕ ਕਰਕੇ ਉਨ੍ਹਾਂ ਨੂੰ ਇਸ ਬਿਲਡਿੰਗ ਦਾ ਮੌਕਾ ਦੇਖਣ ਸਬੰਧੀ ਬੇਨਤੀ ਕੀਤੀ ਗਈ। ਇਸ ਉਪਰੰਤ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ ਵੱਲੋਂ ਮਿਤੀ 13-07-2019 ਨੂੰ ਮੋਕਾ ਦੇਖ ਲਿਆ ਗਿਆ ਪ੍ਰੰਤੂ ਸ੍ਰੀ ਗਿਆਨ ਚੰਦ ਜੀ ਵੱਲੋਂ ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਕਰਕੇ ਮੌਕਾ ਦੇਖਣ ਵਿੱਚ ਅਸਹਿਮਤੀ ਜਤਾਈ ਗਈ ਅਤੇ ਲਿਖਤੀ ਦਿੱਤਾ ਹੈ ਕਿ ਮੇਰੀ ਸਿਹਤ ਠੀਕ ਨਾ ਹੋਣ ਕਰਕੇ ਮੈਂ ਇਹ ਮੌਕਾ ਨਹੀਂ ਦੇਖਣ ਜਾ ਸਕਦਾ। ਇਸ ਲਈ ਬਿਲਡਿੰਗ ਦਾ ਮੌਕਾ ਵੇਖ ਕੇ ਜ਼ੋ ਵੀ ਰਿਪੋਰਟ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ ਵੱਲੋ ਕੀਤੀ ਜਾਵੇਗੀ ਉਸ ਰਿਪੋਰਟ ਨਾਲ ਮੇਰੀ ਸਹਿਮਤੀ ਹੋਵੇਗੀ।

**ਆਪ ਦੇ ਧਿਆਨ ਵਿੱਚ ਮੁੜ ਲਿਆਂਦਾ ਜਾਂਦਾ ਹੈ ਕਿ ਇਸ ਖਤਰਨਾਕ ਬਿਲਡਿੰਗ ਸਬੰਧੀ ਮਾਨਯੋਗ ਹਾਈਕੋਰਟ ਦੇ ਰਿੱਟ ਪਟੀਸ਼ਨ ਨੰ: 23636 ਆਫ 2012 ਦੀ ਪਾਲਣਾ ਹਿੱਤ ਸੰਯੁਕਤ ਕਮਿਸ਼ਨਰ ਜੀ ਵੱਲੋਂ ਸਪੀਕਿੰਗ ਆਰਡਰ ਨੰ: ਜੇ.ਸੀ./484 ਮਿਤੀ 26-06-2013 ਰਾਹੀਂ ਪਾਸ ਕੀਤੇ ਗਏ ਹਨ ਜਿਸ ਵਿੱਚ ਕਾਰਜਕਾਰੀ ਇੰਜੀਨਿਅਰ- ਪ੍ਰਾਂਤਕ ਮੰਡਲ, ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), ਛਾਉਣੀ ਦੀ ਵੀ ਰਿਪੋਰਟ ਲਈ ਗਈ ਹੈ, ਉਕਤ ਬਿਲਡਿੰਗ ਨੂੰ ਮਿਊਂਸਪਲ ਐਕਟ ਦੀ ਧਾਰਾ 273 ਤਹਿਤ ਅਨਸੇਫ ਡਿਕਲੇਅਰ ਕੀਤਾ ਜਾ ਚੁੱਕਾ ਹੈ।**

ਇਸ ਬਿਲਡਿੰਗ ਨੂੰ ਡੀਮੋਲਿਸ਼ ਕਰਨ ਲਈ ਟੈਂਡਰ ਤੀਸਰੀ ਵਾਰ ਪ੍ਰਾਪਤ ਹੋਏ ਹਨ ਜ਼ੋ ਕਿ ਸ੍ਰੀ ਅਰੁਣ ਬੇਦੀ ਸਿੰਗਲ ਟੈਂਡਰ ਪਾਇਆ ਗਿਆ। ਇਹ ਠੇਕੇਦਾਰ ਇਸ ਬਿਲਡਿੰਗ ਨੂੰ ਢਾਉਣ ਤੋ ਬਾਅਦ ਮਟੀਰੀਅਲ ਆਪਣੇ ਕਬਜੇ ਵਿੱਚ ਲੈ ਲਵੇਗਾ ਅਤੇ ਇਸਦੇ ਬਦਲੇ ਰੁ: 5000/- ਨਗਰ ਨਿਗਮ, ਜਲੰਧਰ ਨੂੰ ਦੇਣਗੇ। ਇਸ ਸਬੰਧੀ ਇਸ ਬਿਲਡਿੰਗ ਦੇ ਮਾਲਕ ਵੱਲੋ ਲਿਖਤ ਸਹਿਮਤੀ ਮਿਤੀ 09-05-2018 ਰਾਹੀਂ ਦਿੱਤੀ ਗਈ ਹੈ।

ਆਪ ਜੀ ਦੇ ਧਿਆਨ ਵਿੱਚ ਲਿਆਉਣਾ ਯੋਗ ਹੋਵੇਗਾ ਕਿ ਮੌਨਸੂਨ ਦਾ ਮੌਸਮ ਸ਼ੁਰੂ ਹੋ ਚੁੱਕਾ ਹੈ ਇਨ੍ਹਾਂ ਦਿਨ੍ਹਾਂ ਵਿੱਚ ਖਤਰਨਾਕ ਬਿਲਡਿੰਗ ਦੇ ਢਹਿਣ ਦਾ ਖਦਸਾ ਹੋ ਵੀ ਵੱਧ ਜਾਂਦਾ ਹੈ ਅਤੇ ਖਾਸ ਕਰ ਇਹ ਬਿਲਡਿੰਗ ਜ਼ੋ ਕਿ ਖਤਰਨਾਕ ਡਿਕਲੇਅਰ ਕੀਤੀ ਜਾ ਚੁੱਕੀ ਹੈ, ਬਰਸਾਤ ਕਾਰਨ ਢਹਿ ਕੇ ਕਿਸੇ ਕਿਸਮ ਦੀ ਅਣ-ਸੁਖਾਵੀ ਘਟਨਾ ਨੂੰ ਅਨਜਾਮ ਦੇ ਸਕਦੀ ਹੈ।ਇਸ ਲਈ ਇਸ ਬਿਲਡਿੰਗ ਦੀ ਸਥਿੱਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ਿਫਾਰਸ਼ ਕੀਤੀ ਜਾਂਦੀ ਹੈ ਕਿ ਮਾਨਯੋਗ ਕਮਿਸ਼ਨਰ ਮਿਊਂਸਪਲ ਐਕਟ ਦੀ ਧਾਰਾ 273 ਅਨੁਸਾਰ ਆਪਣੇ ਅਧਿਕਾਰ ਦੀ ਵਰਤੋ ਕਰਦੇ ਹੋਏ ਇਸ ਬਿਲਡਿੰਗ ਨੂੰ ਡੀਮੋਲਿਸ਼ ਕਰਨ ਲਈ ਵਰਕ ਆਰਡਰ ਜਾਰੀ ਕਰਨ ਦੀ ਪ੍ਰਵਾਨਗੀ ਦੇਣ ਦੀ ਖੇਚਲ ਕਰਨ ਤਾਂ ਜੋ ਭਵਿੱਖ ਵਿੱਚ ਹੋਣ ਵਾਲੀ ਕਿਸੇ ਅਣ-ਸੁਖਾਵੀ ਘਟਨਾ ਤੋ ਬਚਿਆ ਜਾ ਸਕੇ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 16.7.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਰੱਖਣ ਦੀ ਵਿਚਾਰਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 17.7.2019 ਰਾਹੀਂ ਲਿਖਿਆ ਹੈ ਕਿ "It's an urgent issue decision may be taken on the tender".

ਮਾਨਯੋਗ ਮੇਅਰ ਜੀ ਦੇ ਆਦੇਸਾਂ ਮਿਤੀ 22.7.19 ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-105**

ਵਿਸ਼ਾ:- ਓ.ਐਂਡ ਐਮ. ਸ਼ਾਖਾ ਦੇ ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ।

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 95 ਮਿਤੀ 28.6.2019 ਦੇ ਸਬੰਧ ਵਿਚ।

ਕਾਰਜਕਾਰੀ ਇੰਜੀਨਿਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਹਵਾਲੇ ਅਧੀਨ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 95 ਮਿਤੀ 28.6.2019 ਨੂੰ ਮੀਟਿੰਗ ਵਿਚ ਵਿਚਾਰਣ ਉਪਰੰਤ ਫੈਸਲਾ ਹੋਇਆ ਸੀ ਕਿ ਇਸ ਮੱਦ ਦੇ ਲੜੀ ਨੰ: 4, 5, 6 ਅਤੇ 11 ਦੇ ਟੈਂਡਰ ਹਾਲ ਦੀ ਘੜੀ ਲੰਬਿਤ ਰੱਖੇ ਜਾਂਦੇ ਹਨ। ਕਾਰਜਕਾਰੀ ਇਜੀਂਨੀਅਰ ਨੇ ਮਾਨਯੋਗ ਮੇਅਰ ਜੀ ਨਾਲ ਡਿਸਕਸ ਕਰਨ ਉਪਰੰਤ ਲੜੀ ਨੰ: 5 ਅਤੇ 11 ਨੂੰ ਮੁੜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਦੀ ਸ਼ਿਫਾਰਸ਼ ਕੀਤੀ ਹੈ।

| Sr. No | W. No | Name of Work | Total Est. Amt. | Name of Agency | Saving %age | Tender Amt. Rs. In Lac | House Resolution | Tender called (No. of times) | No. of Tender received |
|---|---|---|---|---|---|---|---|---|---|
| 1 | 7 | ਪ੍ਰੋਵਾਇਡਿੰਗ ਐਡ ਲੇਇੰਗ ਆਫ 2" ਡਾਇਆ ਜੀ.ਆਈ ਵਾਟਰ ਸਪਲਾਈ ਲਾਈਨ ਐਟ ਹੁਸਿਆਰਪੁਰ ਰੋਡ। | 3,12,500 | Sareen Contractor, Jal | 5.51% | 2,95,281 | 68(22) dt 06-09-17 | 4 | 1 |
| 2 | 63 | ਛੋਟਾ ਸਈਪੁਰ ਵਾਰਡ ਨੰ: 63 ਵਿੱਚ ਨਵੀ ਵਾਟਰ ਸਪਲਾਈ ਲਾਇਨ ਪਾਉਣ ਬਾਰੇ। | 2,50,000 | The Punjab Engineering Co-op L/C Society | 1% | 2,47,500 | M.P. Lad Grant Case | 1 | 3 |

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-106**

ਵਿਸ਼ਾ:- ਢੰਣ ਮੁੱਹਲੇ ਡਿਸਪੋਜਲ ਤੇ ਲਗੇ 110 ਕੇ.ਵੀ.ਏ ਜਨਰੇਟਰ ਨੂੰ ਰਿਵਾਇੰਡ ਅਤੇ ਰਿਪੇਅਰ ਕਰਨ ਬਾਰੇ।

ਤਖਮੀਨਾ ਰੁਪਏ: 1,64,816/- ਕੁੱਲ ਪ੍ਰਾਪਤ ਵੈਲਿਡ ਟੈਂਡਰ= 4 (ਦੂਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 1,44,708/- ਸੇਵਿੰਗ 12.20%
ਅਜੰਸੀ ਦਾ ਨਾਮ:- ਮੈ: ਗੁਰਦੀਪ ਇਲੈਕਟ੍ਰਿਕਲ ਐਂਡ ਮਕੈਨੀਕਲ ਵਰਕਸ

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,64,816/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 159(14) ਮਿਤੀ 18-10-18 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਮਿਤੀ 28.03.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਜਾਂ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਤੋ ਮੰਗੇ ਗਏ ਸਨ। ਪਰੰਤੂ ਲੋਕ ਸਭਾ ਦੀਆਂ ਚੋਣ ਜਾਬਤਾ ਹੋਣ ਕਾਰਨ ਇਹ ਟੈਂਡਰ ਅਕਸਟੈਂਡ ਕਰਕੇ ਮਿਤੀ 04.06.19 ਨੂੰ ਮੰਗੇ ਗਏ ਸਨ, ਪਰੰਤੂ ਇਸ ਕੰਮ ਵਿੱਚ ਕਿਸੇ ਵੀ ਠੇਕੇਦਾਰਾਂ ਜਾਂ ਸੁਸਾਈਟੀਆਂ ਵੱਲੋਂ ਹਿੱਸਾ ਨਹੀ ਲਿਆ ਗਿਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 26.06.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ। ਕੁੱਲ 4 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਠੇਕੇਦਾਰਾਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਗੁਰਦੀਪ ਇਲੈਕਟ੍ਰਿਕਲ ਐਂਡ ਮਕੈਨੀਕਲ ਵਰਕਸ ਦਾ ਰੇਟ ਬਾਕੀ ਸੁਸਾਈਟੀਆਂ ਨਾਲੋ ਘੱਟ ਪਾਇਆ ਗਿਆ। ਮੈ: ਗੁਰਦੀਪ ਇਲੈਕਟ੍ਰਿਕਲ ਐਂਡ ਮਕੈਨੀਕਲ ਵਰਕਸ ਨੇ 12.20% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 1,64,816/- ਦਾ ਕੰਮ ਰੁਪਏ 1,44,708/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ ( ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 19.7.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-107**

ਵਿਸ਼ਾ:- ਆਵਾਂ ਮੁੱਹਲਾ ਵਾਰਡ ਨੰ: 54 ਵਿੱਚ 8” ਡਾਇਆ ਸੀਵਰ ਲਾਇਨ ਪਾਉਣ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ: 89,523/- | ਕੁੱਲ ਪ੍ਰਾਪਤ ਵੈਲਿਡ ਟੈਂਡਰ 3 (ਦੂਸਰੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 88,627/- | ਸੇਵਿੰਗ 1% |
| ਅਜੰਸੀ ਦਾ ਨਾਮ:-ਸ: ਸਵਰਨ ਸਿੰਘ । | | ਈ.ਪੀ.ਐਫ ਨੰ: LD JAL 100963 |

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 89,523/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 194(6) ਮਿਤੀ 18-10-18 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਮਿਤੀ 28.03.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਜਾਂ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਤੋ ਮੰਗੇ ਗਏ ਸਨ। ਪਰੰਤੂ ਲੋਕ ਸਭਾ ਦੀਆਂ ਚੋਣ ਜਾਬਤਾ ਹੋਣ ਕਾਰਨ ਇਹ ਟੈਂਡਰ ਅਕਸਟੈਂਡ ਕਰਕੇ ਮਿਤੀ 04.06.19 ਨੂੰ ਮੰਗੇ ਗਏ ਸਨ, ਪਰੰਤੂ ਇਹਨਾ ਕੰਮ ਵਿੱਚ ਕਿਸੇ ਵੀ ਠੇਕੇਦਾਰਾਂ ਜਾਂ ਸੁਸਾਈਟੀਆਂ ਵੱਲੋਂ ਹਿੱਸਾ ਨਹੀ ਲਿਆ ਗਿਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 26.06.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ। ਕੁੱਲ 3 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਠੇਕੇਦਾਰਾਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਸ: ਸਵਰਨ ਸਿੰਘ, ਠੇਕੇਦਾਰ ਦਾ ਰੇਟ ਬਾਕੀ ਠੇਕੇਦਾਰਾਂ ਨਾਲੋ ਘੱਟ ਪਾਇਆ ਗਿਆ। ਸ: ਸਵਰਨ ਸਿੰਘ, ਠੇਕੇਦਾਰ ਨੇ 1% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 89,523/- ਦਾ ਕੰਮ ਰੁਪਏ 88,627/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 19.7.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-108**

ਵਿਸ਼ਾ:- ਹਿੰਦ ਸਮਾਚਾਰ ਗਰਾਉਂਡ ਟਿਉਬਵੈਲ ਤੋ ਪੰਜਾਬ ਕੇਸਰੀ ਸਾਇਕਲ ਸਟੈਂਡ ਨੇੜੇ ਜ਼ੋਗਿੰਦਰ ਸ਼ਰਮਾ ਰੈਜੀਡੈਂਸ ਤੱਕ 3" ਡਾਇਆ ਦੀ ਪਾਣੀ ਦੀ ਲਾਇਨ ਪਾਉਣ ਬਾਰੇ। ਵਾਰਡ ਨੰ: 51 (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ: 1,02,236/- | ਕੁੱਲ ਪ੍ਰਾਪਤ ਵੈਲਿਡ ਟੈਂਡਰ= 3 (ਦੂਸਰੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 1,01,213/- | ਸੇਵਿੰਗ 1% |
| ਅਜੰਸੀ ਦਾ ਨਾਮ:- ਸ: ਸਵਰਨ ਸਿੰਘ | | ਈ.ਪੀ.ਐਫ ਨੰ: LD JAL 100963 |

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,02,236/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 159(1) ਮਿਤੀ 18-10-18 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਮਿਤੀ 28.03.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਜਾਂ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਤੋ ਮੰਗੇ ਗਏ ਸਨ। ਪਰੰਤੂ ਲੋਕ ਸਭਾ ਦੀਆਂ ਚੌਣ ਜਾਬਤਾ ਹੋਣ ਕਾਰਨ ਇਹ ਟੈਂਡਰ ਅਕਸਟੈਂਡ ਕਰਕੇ ਮਿਤੀ 04.06.19 ਨੂੰ ਮੰਗੇ ਗਏ ਸਨ, ਪਰੰਤੂ ਇਹਨਾ ਕੰਮ ਵਿੱਚ ਕਿਸੇ ਵੀ ਠੇਕੇਦਾਰਾਂ ਜਾਂ ਸੁਸਾਈਟੀਆਂ ਵੱਲੋਂ ਹਿੱਸਾ ਨਹੀ ਲਿਆ ਗਿਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 26.06.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ। ਕੁੱਲ 3 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਠੇਕੇਦਾਰਾਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਸ: ਸਵਰਨ ਸਿੰਘ, ਠੇਕੇਦਾਰ ਦਾ ਰੇਟ ਬਾਕੀ ਠੇਕੇਦਾਰਾਂ ਨਾਲੋ ਘੱਟ ਪਾਇਆ ਗਿਆ।ਸ: ਸਵਰਨ ਸਿੰਘ, ਠੇਕੇਦਾਰ ਨੇ 1% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 1,02,236/- ਦਾ ਕੰਮ ਰੁਪਏ 1,01,213/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 19.7.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-109**

ਵਿਸ਼ਾ:- ਜ਼ੋਨ ਨੰ: 1 ਅਤੇ 3 ਅਧੀਨ ਪੈਂਦੇ ਵੱਖ-ਵੱਖ ਟਿਊਬਵੈਲਾਂ/ਡਿਸਪੋਜਲਾਂ ਅਤੇ ਵੱਖ-ਵੱਖ ਵਾਰਡਾਂ ਦੇ ਸੀਵਰ ਦੀ ਰਿਪੇਅਰ ਅਤੇ ਮੇਨਟੀਨੈਂਸ ਦਾ ਕੰਮ ਕਰਵਾਉਣ ਬਾਰੇ। (ਜ) (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ: 1,93,683/- | ਕੁੱਲ ਪ੍ਰਾਪਤ ਵੈਲਿਡ ਟੈਂਡਰ =3 (ਦੂਸਰੀ ਬਾਰੀ) |
| ਟੈਂਡਰ ਅਮਾਊਂਟ | ਰੁਪਏ: 1,91,746/- | ਸੇਵਿੰਗ 1% |
| ਅਜੰਸੀ ਦਾ ਨਾਮ:- | ਸ: ਸਵਰਨ ਸਿੰਘ | ਈ.ਪੀ.ਐਫ ਨੰ: LD JAL 100963 |

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,93,683/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 95(15) ਮਿਤੀ 25-06-18 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਮਿਤੀ 28.03.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਜਾਂ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਤੋ ਮੰਗੇ ਗਏ ਸਨ। ਪਰੰਤੂ ਲੋਕ ਸਭਾ ਦੀਆਂ ਚੋਣ ਜਾਬਤਾ ਹੋਣ ਕਾਰਨ ਇਹ ਟੈਂਡਰ ਅਕਸਟੈਂਡ ਕਰਕੇ ਮਿਤੀ 04.06.19 ਨੂੰ ਮੰਗੇ ਗਏ ਸਨ, ਪਰੰਤੂ ਇਹਨਾ ਕੰਮ ਵਿੱਚ ਕਿਸੇ ਵੀ ਠੇਕੇਦਾਰਾਂ ਜਾਂ ਸੁਸਾਈਟੀਆਂ ਵੱਲੋਂ ਹਿੱਸਾ ਨਹੀ ਲਿਆ ਗਿਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 26.06.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ। ਕੁੱਲ 3 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਠੇਕੇਦਾਰਾਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਸ: ਸਵਰਨ ਸਿੰਘ, ਠੇਕੇਦਾਰ ਦਾ ਰੇਟ ਬਾਕੀ ਠੇਕੇਦਾਰਾਂ ਨਾਲੋ ਘੱਟ ਪਾਇਆ ਗਿਆ। ਸ: ਸਵਰਨ ਸਿੰਘ, ਠੇਕੇਦਾਰ ਨੇ 1% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 1,93,683/- ਦਾ ਕੰਮ ਰੁਪਏ 1,91,746/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ ( ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 19.7.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-110**

ਵਿਸ਼ਾ:- ਗੁੱਡੀ ਪੰਡਤਾਨੀ ਵਾਲੀ ਗੱਲੀ ਕਿਸ਼ਨਪੁਰਾ ਵਾਰਡ ਨੰ: 57 ਵਿੱਚ 2" ਡਾਇਆ ਵਾਟਰ ਸਪਲਾਈ ਲਾਇਨ ਪਾਉਣ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 1,97,403/- ਕੁੱਲ ਪ੍ਰਾਪਤ ਵੈਲਿਡ ਟੈਂਡਰ= 2 (ਚੌਥੀ ਬਾਰੀ)
ਟੈਂਡਰ ਅਮਾਉਂਟ ਰੁਪਏ: 1,86,526/- ਸੇਵਿੰਗ 5.51%
ਅਜੰਸੀ ਦਾ ਨਾਮ:- ਮੈ: ਸਰੀਨ ਕੰਟਰੈਕਟਰ ਜਲੰਧਰ। ਈ.ਪੀ.ਐਫ ਨੰ: LD JAL 1780911000

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,97,403/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 95(9) ਮਿਤੀ 25-06-18 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਪਹਿਲੀ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਜਾਂ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਤੋ ਮਿਤੀ 04.12.18, ਦੂਸਰੀ ਬਾਰੀ ਮਿਤੀ 24.01.19 ਅਤੇ ਤੀਸਰੀ ਬਾਰੀ ਮਿਤੀ 01.03.19 ਲਈ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਚੌਥੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 24.06.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ। ਕੁੱਲ 2 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਠੇਕੇਦਾਰਾਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਸਰੀਨ ਕੰਟਰੈਕਟਰ ਜਲੰਧਰ, ਠੇਕੇਦਾਰ ਦਾ ਰੇਟ ਬਾਕੀ ਠੇਕੇਦਾਰਾਂ ਨਾਲੋ ਘੱਟ ਪਾਇਆ ਗਿਆ। ਮੈ: ਸਰੀਨ ਕੰਟਰੈਕਟਰ ਜਲੰਧਰ, ਠੇਕੇਦਾਰ ਨੇ 5.51% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 1,97,403/- ਦਾ ਕੰਮ ਰੁਪਏ 1,86,526/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ ( ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 19.7.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-111**

ਵਿਸ਼ਾ:- ਸੰਜੇ ਗਾਂਧੀ ਨਗਰ ਗਲੀ ਨੰ: 4,6 ਅਤੇ 7 ਵਿੱਚ ਮੇਨ ਹੋਲ ਬਣਾਉਣ ਬਾਰੇ। ਵਾਰਡ ਨੰ: 3 ਜ਼ੋਨ ਨੰ: 2 (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 2,33,802/- ਕੁੱਲ ਪ੍ਰਾਪਤ ਵੈਲਿਡ ਟੈਂਡਰ= 1 (ਤੀਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 2,26,764/- ਸੇਵਿੰਗ 3.01%
ਅਜੰਸੀ ਦਾ ਨਾਮ:- ਮੈ: ਐਮ.ਕੇ ਇੰਡਸਟ੍ਰੀਜ਼ ਜਲੰਧਰ EPF No. LD JAL 1306629

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 2,33,802/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 159(15) ਮਿਤੀ 18-10-18 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਮਿਤੀ 24.01.19 ਅਤੇ ਦੂਸਰੀ ਬਾਰੀ ਮਿਤੀ 28.03.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਜਾਂ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਤੋ ਮੰਗੇ ਗਏ ਸਨ। ਪਰੰਤੂ ਲੋਕ ਸਭਾ ਦੀਆਂ ਚੌਣ ਜਾਬਤਾ ਹੋਣ ਕਾਰਨ ਇਹ ਟੈਂਡਰ ਅਕਸਟੈਂਡ ਕਰਕੇ ਮਿਤੀ 04.06.19 ਨੂੰ ਮੰਗੇ ਗਏ ਸਨ, ਪਰੰਤੂ ਇਹਨਾ ਕੰਮ ਵਿੱਚ ਕਿਸੇ ਵੀ ਠੇਕੇਦਾਰਾਂ ਜਾਂ ਸੁਸਾਈਟੀਆਂ ਵੱਲੋਂ ਹਿੱਸਾ ਨਹੀ ਲਿਆ ਗਿਆ।

ਇਸ ਕੰਮ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 26.06.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ। ਸਿਰਫ ਇਕ ਈ-ਟੈਂਡਰ ਪ੍ਰਾਪਤ ਹੋਇਆ। ਇਸ ਠੇਕੇਦਾਰ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਹੋਣ ਕਾਰਨ ਇਸ ਦੀ ਵਿੱਤੀ ਬਿਡ ਖੋਲੀ ਗਈ, ਜਿਸ ਵਿੱਚ ਮੈਸਰਜ਼ ਐਮ.ਕੇ ਇੰਡਸਟ੍ਰੀਜ਼ ਜਲੰਧਰ ਨੇ 3.01% ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 2,33,802/- ਦਾ ਕੰਮ ਰੁਪਏ 2,26,764/- ਵਿੱਚ ਕਰ ਨੂੰ ਤਿਆਰ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨਿਅਰ (ੳ ਐਂਡ ਐਮ) ਨੇ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ ( ੳ ਐਂਡ ਐਮ) ਨੇ ਮਿਤੀ 16.7.19 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 19.7.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-112**

ਵਿਸ਼ਾ:- ਡਾ: ਬੀ.ਆਰ.ਅੰਬੇਦਕਰ ਕੰਪਲੈਕਸ ਕੰਪਨੀ ਬਾਗ ਮੇਨ ਦਫਤਰ ਦੇ 320 ਕੇ.ਵੀ.ਏ ਜਨਰੇਟਰ ਨੂੰ ਰਿਪੇਅਰ ਕਰਨ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 99,751/- ਕੁੱਲ ਪ੍ਰਾਪਤ ਵੈਲਿਡ ਟੈਂਡਰ = 5 (ਦੂਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 87,581/- ਸੇਵਿੰਗ 12.20%
ਅਜੰਸੀ ਦਾ ਨਾਮ:- ਮੈ: ਗੁਪਤਾ ਇਲੈਕਟ੍ਰਿਕਲ ਸਟੋਰ ਜਲੰਧਰ
ਈ.ਪੀ.ਐਫ ਨੰ: LD JAL 1322630

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 99,751/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 159(5) ਮਿਤੀ 18-10-18 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਮਿਤੀ 28.03.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਜਾਂ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਤੋ ਮੰਗੇ ਗਏ ਸਨ। ਪਰੰਤੂ ਲੋਕ ਸਭਾ ਦੀਆਂ ਚੋਣ ਜਾਬਤਾ ਹੋਣ ਕਾਰਨ ਇਹ ਟੈਂਡਰ ਅਕਸਟੈਂਡ ਕਰਕੇ ਮਿਤੀ 04.06.19 ਨੂੰ ਮੰਗੇ ਗਏ ਸਨ, ਪਰੰਤੂ ਇਹਨਾ ਕੰਮ ਵਿੱਚ ਕਿਸੇ ਵੀ ਠੇਕੇਦਾਰਾਂ ਜਾਂ ਸੁਸਾਈਟੀਆਂ ਵੱਲੋਂ ਹਿੱਸਾ ਨਹੀ ਲਿਆ ਗਿਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 26.06.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ। ਕੁੱਲ 5 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਠੇਕੇਦਾਰਾਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਗੁਪਤਾ ਇਲੈਕਟ੍ਰਿਕਲ ਸਟੋਰ ਜਲੰਧਰ ਦਾ ਰੇਟ ਬਾਕੀ ਸੁਸਾਈਟੀਆਂ ਨਾਲੋ ਘੱਟ ਪਾਇਆ ਗਿਆ। ਮੈ: ਗੁਪਤਾ ਇਲੈਕਟ੍ਰਿਕਲ ਸਟੋਰ ਜਲੰਧਰ ਨੇ 12.20% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 99,751/- ਦਾ ਕੰਮ ਰੁਪਏ 87,581/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ ( ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 19.7.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.7.2019

**ਮਤਾ ਨੰ:-113**

ਵਿਸ਼ਾ:- ਗੋਰਮੈਂਟ ਮਾਡਲ ਸੀਨਿਅਰ ਸਕੈਂਡਰੀ ਸਕੂਲ ਲਾਡੋਵਾਲੀ ਰੋਡ ਵਿਖੇ ਸੀਵਰ ਲਾਇਨ ਪਾਉਣ ਬਾਰੇ। ਵਾਰਡ ਨੰ: 19 (ਐਮ.ਪੀ.ਲੈਡ ਗਰਾਂਟ) ਕੋਟਾ ਸ੍ਰੀ ਸੰਤੋਖ ਸਿੰਘ ਚੌਧਰੀ (ਐਮ.ਪੀ ਲੋਕ ਸਭਾ) (ਈ-ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾ ਅਤੇ ਸੈਂਕਸ਼ਨਡ ਗਰਾਂਟ ਰੁਪਏ 3,50,000/-

ਕੁੱਲ ਵੈਲਿਡ ਟੈਂਡਰ 3 (ਦੂਸਰੀ ਬਾਰ) ਟੈਂਡਰ ਅਮਾਉਂਟ ਰੁਪਏ 3,46,500/- ਸੇਵਿੰਗ 1%

ਅਜੰਸੀ ਦਾ ਨਾਮ:- ਮੈ: ਪੰਜਾਬ ਇੰਜੀਨੀਅਰਿੰਗ ਕੋ-ਆਪ ਐਲ.ਸੀ ਸੁਸਾਈਟੀ

ਉਪ ਅਰਥ ਅਤੇ ਅੰਕੜਾ ਸਲਾਹਕਾਰ ਜੀ ਨੇ ਅਪਣੇ ਪੱਤਰ ਨੰ: ਉਪ.ਅ.ਅ.ਸ.(ਜ)-ਐਮ.ਪੀ.ਲੈਡ-2018/ 2524 ਮਿਤੀ 06.12.2018 ਰਾਹੀਂ ਸ੍ਰੀ ਸੰਤੋਖ ਸਿੰਘ ਚੌਧਰੀ ਐਮ.ਪੀ ਲੋਕ ਸਭਾ ਜੀ ਦੇ ਕੋਟੇ ਅਧੀਨ ਉਪਰੋਕਤ ਗੋਰਮੈਂਟ ਮਾਡਲ ਸੀਨਿਅਰ ਸਕੈਂਡਰੀ ਸਕੂਲ ਲਾਡੋਵਾਲੀ ਰੋਡ ਵਿਖੇ ਸੀਵਰ ਲਾਇਨ ਪਾਉਣ ਲਈ ਰੁਪਏ 3,50,000/- ਦਾ ਤਖਮੀਨਾ ਮੰਗਿਆਂ ਗਿਆ ਸੀ। ਇਸ ਤਖਮੀਨੇ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਹੁਕਮ ਰਾਹੀਂ ਦਿੱਤੀ ਸੀ ਅਤੇ ਇਹ ਤਖਮੀਨਾ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਗਰਾਂਟ ਜਾਰੀ ਕਰਨ ਲਈ ਭੇਜਿਆ ਗਿਆ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਲਈ ਮਿਤੀ 28.03.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਜਾਂ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਤੋ ਮੰਗੇ ਗਏ ਸਨ। ਪਰੰਤੂ ਲੋਕ ਸਭਾ ਦੀਆਂ ਚੋਣ ਜਾਬਤਾ ਹੋਣ ਕਾਰਨ ਇਹ ਟੈਂਡਰ ਅਕਸਟੈਂਡ ਕਰਕੇ ਮਿਤੀ 04.06.19 ਨੂੰ ਮੰਗੇ ਗਏ ਸਨ, ਕੁੱਲ 3 ਸੁਸਾਈਟੀਆਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਸੁਸਾਈਟੀਆਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਸੁਸਾਈਟੀਆਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਪੰਜਾਬ ਇੰਜੀਨੀਅਰਿੰਗ ਕੋ-ਆਪ ਐਲ.ਸੀ ਸੁਸਾਈਟੀ ਦਾ ਰੇਟ ਬਾਕੀ ਸੁਸਾਈਟੀਆਂ ਨਾਲੋ ਘੱਟ ਪਾਇਆ ਗਿਆ। ਮੈ: ਪੰਜਾਬ ਇੰਜੀਨੀਅਰਿੰਗ ਕੋ-ਆਪ ਐਲ.ਸੀ ਸੁਸਾਈਟੀ ਨੇ 1% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 3,50,000/- ਦਾ ਕੰਮ ਰੁਪਏ 3,46,500/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ।ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ ( ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 19.7.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-114**

ਵਿਸ਼ਾ:- ਨਿਉ ਜਵਾਹਰ ਨਗਰ ਪਾਰਕ ਵਿੱਚ ਨਵੀਂ ਐਲ.ਈ.ਡੀ ਲਾਇਟਾਂ ਲਗਾਉਣ ਬਾਰੇ।ਵਾਰਡ ਨੰ: 21 (ਐਮ.ਪੀ.ਲੈਡ ਗਰਾਂਟ) ਕੋਟਾ ਸ੍ਰੀ ਨਰੇਸ਼ ਗੁਜਰਾਲ (ਐਮ.ਪੀ ਲੋਕ ਸਭਾ) ਈ-ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾ ਅਤੇ ਸੈਂਕਸ਼ਨਡ ਗਰਾਂਟ ਰੁਪਏ 2,00,000/-
ਕੁੱਲ ਵੈਲਿਡ ਟੈਂਡਰ : 1 (ਤੀਸਰੀ ਬਾਰੀ) ਟੈਂਡਰ ਅਮਾਉਂਟ ਰੁਪਏ 1,20,000/- ਸੇਵਿੰਗ 40%
ਅਜੰਸੀ ਦਾ ਨਾਮ:- ਮੈ: ਗੁਪਤਾ ਇਲੈਕਟ੍ਰਿਕ ਸਟੋਰ ਜਲੰਧਰ

ਉਪ ਅਰਥ ਅਤੇ ਅੰਕੜਾ ਸਲਾਹਕਾਰ ਜੀ ਨੇ ਅਪਣੇ ਪੱਤਰ ਨੰ: ਉਪ.ਅ.ਅ.ਸ.(ਜ)- ਐਮ.ਪੀ.ਲੈਡ-2018/ 623 ਮਿਤੀ 09.04.2018 ਰਾਹੀਂ ਸ੍ਰੀ ਨਰੇਸ਼ ਗੁਜਰਾਲ ਐਮ.ਪੀ ਲੋਕ ਸਭਾ ਜੀ ਦੇ ਕੋਟੇ ਅਧੀਨ ਊਪਰੋਕਤ ਨਿਉ ਜਵਾਹਰ ਨਗਰ ਪਾਰਕ ਵਿੱਚ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਲਈ ਰੁਪਏ 2,00,000/- ਦਾ ਤਖਮੀਨਾ ਮੰਗੀਆਂ ਗਿਆ ਸੀ। ਇਸ ਤਖਮੀਨੇ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ 28.08.18 ਰਾਹੀਂ ਦਿੱਤੀ ਸੀ ਅਤੇ ਇਹ ਤਖਮੀਨਾ ਓਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਗਰਾਂਟ ਜਾਰੀ ਕਰਨ ਲਈ ਭੇਜਿਆ ਗਿਆ ਸੀ।ਇਸ ਕੰਮ ਦੇ ਈ-ਟੈਂਡਰ ਪਹਿਲੀ ਬਾਰੀ ਅਖਬਾਰਾਂ ਰਾਹੀਂ ਮਿਤੀ 15.02.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ। ਕੁੱਲ 2 ਟੈਂਡਰ ਪ੍ਰਾਪਤ ਹੋਏ। ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਈ-ਟੈਂਡਰ ਪ੍ਰਨਾਲੀ ਰਾਹੀਂ ਮਿਤੀ 20.06.19 ਨੂੰ ਮੰਗੇ ਗਏ, ਕੁੱਲ 1 ਟੈਂਡਰ ਪ੍ਰਾਪਤ ਹੋਇਆ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 05.07.19 ਲਈ ਮੰਗੇ ਗਏ ਕੁੱਲ 1 ਈ-ਟੈਂਡਰ ਪ੍ਰਾਪਤ ਹੋਇਆ। ਇਸ ਠੇਕੇਦਾਰ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਹੋਣ ਕਾਰਨ ਇਸ ਦੀ ਵਿੱਤੀ ਬਿਡ ਖੋਲੀ ਗਈ, ਜਿਸ ਵਿਚ ਮੈ: ਗੁਪਤਾ ਇਲੈਕਟ੍ਰਿਕ ਸਟੋਰ ਜਲੰਧਰ ਨੇ 40% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 2,00,000/- ਦਾ ਕੰਮ ਰੁਪਏ 1,20,000/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ ( ਓ ਐਂਡ ਐਮ) ਨੇ ਮਿਤੀ 16.7.19 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 19.7.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਦਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.7.2019

**ਮਤਾ ਨੰ:-** 115

ਵਿਸ਼ਾ:- ਨਗਰ ਨਿਗਮ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮਪਿਊਟਰ ਦੇ ਨਾਲ ਲੱਗੇ ਲੇਜਰ ਪ੍ਰਿੰਟਰ ਦੇ ਟੋਨਰ ਇੰਕ ਰਿਫਿਲ ਅਤੇ ਪ੍ਰਿੰਟਰ ਰਿਪੇਅਰ ਕਰਨ ਸਬੰਧੀ ਸਾਲਾਨਾ ਖਰਚ ਦੀ ਈ-ਟੈਂਡਰ ਪ੍ਰਵਾਨਗੀ ਹਿੱਤ।

ਪੜਿਆ ਨੋਟ ਸਿਸਟਮ ਮੈਨੇਜਰ ਮਿਤੀ: 2.7.2019 ਕਿ ਨਗਰ ਨਿਗਮ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮਪਿਊਟਰ ਦੇ ਨਾਲ ਲੇਜਰ ਪ੍ਰਿੰਟਰ ਲੱਗੇ ਹੋਏ ਹਨ।ਜਿਸ ਤੇ ਵਿਭਾਗਾਂ ਵੱਲੋ ਦਫਤਰੀ ਕੰਮ ਸਬੰਧੀ ਕੰਮਪਿਊਟਰਾਇਜਡ ਪ੍ਰਿੰਟਆਊਟ ਕੱਢੇ ਜਾਂਦੇ ਹਨ।ਇਹਨਾਂ ਵਿਭਾਗਾ ਵੱਲੋ ਵੱਖ-ਵੱਖ ਸਮੇਂ ਤੇ ਇਹਨਾਂ ਪ੍ਰਿੰਟਰ ਨੂੰ ਰਿਪੇਅਰ/ਟੋਨਰ ਰੀਫਿਲ ਕਰਨ ਦੀ ਮੰਗ ਕੰਮਪਿਊਟਰ ਸੈਲ ਨੂੰ ਕੀਤੀ ਜਾਂਦੀ ਹੈ। ਕੰਮਪਿਊਟਰ ਸੈਲ ਵੱਲੋ ਵਿਭਾਗਾਂ ਦੀ ਮੰਗ ਅਨੁਸਾਰ ਇਹਨ੍ਹਾਂ ਪ੍ਰਿੰਟਰਾਂ ਦੇ ਟੋਨਰ ਨੂੰ ਰਿਫਿਲ ਅਤੇ ਪ੍ਰਿੰਟਰ ਰਿਪੇਅਰ ਆਦਿ ਦਾ ਕੰਮ ਕਰਵਾਇਆ ਜਾਂਦਾ ਹੈ।ਨਗਰ ਨਿਗਮ ਵਿਖੇ ਲਗਭਗ **85** ਕੰਮਪਿਊਟਰ ਸਮੇਤ ਪ੍ਰਿੰਟਰ ਲੱਗੇ ਹੋਏ ਹਨ।ਜਿਨ੍ਹਾਂ ਵਿੱਚੋ ਤਕਰੀਬਨ ਹਰ ਮਹਿਨੇ 35 ਤੋਂ 40 ਪ੍ਰਿੰਟਰ ਦੇ ਟੋਨਰਾਂ ਦੀ ਰਿਫਿਲ/ਰਿਪੇਅਰ ਆਦਿ ਦਾ ਕੰਮ ਕਰਵਾਇਆ ਜਾਂਦਾ ਹੈ, ਜਿਸ ਦਾ ਅੰਦਰਾਜ ਵਿਭਾਗਾਂ ਦੀ ਡਿਮਾਂਡ ਰਿਫਿਲ/ਰਿਪੇਅਰ ਕੰਮਪਿਊਟਰ ਸੈਲ ਦੇ ਰਿਪੇਅਰ ਰਜਿਸਟਰ ਵਿੱਚ ਅੰਦਰਾਜ ਕਰਨ ਉਪਰੰਤ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਪਾਸੋਂ ਲਈ ਜਾਂਦੀ ਹੈ। ਮਾਨਯੋਗ ਕਮਿਸ਼ਨਰ ਜੀ ਵਲੋਂ ਇਸ ਕੰਮ ਦੀ ਪ੍ਰਮੁੱਖਤਾ ਨੂੰ ਸਮਝਦੇ ਹੋਏ, ਇਹ ਕੰਮ ਕਰਵਾਉਣ ਲਈ ਸਾਲਾਨਾ ਖਰਚ ਦੀ ਤਜਵੀਜ ਬਣਾਉਣ ਦੇ ਹੁੱਕਮ ਕੀਤੇ ਗਏ ਹਨ। ਮਾਰਕੀਟ ਵਿੱਚੋ ਸਾਲਾਨਾ ਟੋਨਰ ਰਿਫਿਲ/ਪ੍ਰਿੰਟਰ ਰਿਪੇਅਰ ਆਦਿ ਕਰਨ ਲਈ ਕੁਟੇਸ਼ਨਾ ਲੈ ਕੇ ਸਾਲਾਨਾ ਤਖਮੀਨਾ ਰੁਪਏ: 1,95,000/- ਦਾ ਬਣਾਇਆ ਗਿਆ।

ਨਗਰ ਨਿਗਮ ਜਲੰਧਰ ਦੇ ਹਾਊਸ ਦੇ **ਮਤਾ ਨੰ: 128 ਮਿਤੀ: 18.10.2018** ਰਾਹੀਂ ਪ੍ਰਵਾਨ ਕੀਤਾ ਗਿਆ ਸੀ।ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਦੇ **ਪੱਤਰ ਨੰ: ਸ5-ਡਸਸ-ਮਸਸ-18/62736 ਮਿਤੀ: 02.11.2018** ਰਾਹੀਂ ਇਹ ਫੈਸਲਾ ਦਿੱਤਾ ਗਿਆ ਕਿ "ਸਰਕਾਰ ਦੇ ਰੂਲਾ ਅਤੇ ਹਦਾਇਤਾਂ ਅਨੁਸਾਰ ਕਰਵਾਈ ਕੀਤੀ ਜਾਵੇ"।

ਉਪਰੋਕਤ ਸਬੰਧੀ ਕੰਮ ਕਰਨ ਲਈ **ਤਿੰਨ ਵਾਰੀ ਟੈਂਡਰ ਮੰਗੇ** ਗਏ ਸਨ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S.No. | NIT No. | Date | Status |
|---|---|---|---|
| 1 | MCJ/HEALTH/2018-19/26 | 28.12.2018 | Single Tender received on website |
| 2 | MCJ/SL/2019/032 | 23.01.2019 | Single Tender received on website |
| 3 | MCJ/SL/2019/003 | 27.05.2019 | Single Tender received on website |

ਤੀਸਰੀ ਵਾਰ ਵੀ ਸਿੰਗਲ ਟੈਂਡਰ ਆਉਣ ਤੇ ਸਰਕਾਰ ਦੀਆਂ ਹਦਾਇਤਾ ਅਨੁਸਾਰ ਟੈਂਡਰ ਪਾਉਣ ਵਾਲੀ ਕੰਪਨੀ **M/s Kumar Computer Care, Jalandhar** ਨੇ ਤਖਮੀਨੇ ਤੋਂ ਘੱਟ 2% ਲੈਸ ਨਾਲ ਰੁਪਏ:1,91,100/- ਦਾ ਰੇਟ ਪਾਇਆ ਹੈ।ਇਥੇ ਇਹ ਵੀ ਦੱਸਣਯੋਗ ਹੋਵੇਗਾ ਕਿ ਨਗਰ ਨਿਗਮ ਦੇ ਬਜਟ ਸਾਲ 2019-20 ਵਿੱਚ ਵੀ ਕੰਮਪਿਊਟਰਾਈਜੇਸ਼ਨ ਤੇ ਖਰਚਾ ਕਰਨ ਦਾ ਉਪਬੰਧ ਕੀਤਾ ਹੋਇਆ ਹੈ। ਉਕਤ ਕੰਪਨੀ ਤੋਂ ਕੰਮ ਕਰਵਾਉਣ ਅਤੇ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਪਾਸੋ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਜਾਂਦੀ ਹੈ।ਸੰਯੁਕਤ ਕਮਿਸ਼ਨਰ ਮਿਤੀ: 3.7.2019 ਰਾਹੀਂ ਟੈਂਡਰ ਨਗਰ ਨਿਗਮ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 3.7.2019 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 10.7.2019 ਰਾਹੀਂ ਟੈਂਡਰ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:- 116**

ਵਿਸ਼ਾ :- ਮੇਨ ਲਾਈਬ੍ਰੇਰੀ ਅਤੇ ਸਹਾਇਤਾ ਪ੍ਰਾਪਤ ਰੀਡਿੰਗ ਰੂਮਜ਼ ਲਈ ਅਖ਼ਬਾਰਾਂ ਦੀ ਸਪਲਾਈ ਸਬੰਧੀ। (ਸਾਲ 2018-19)

ਪੜਿਆ ਨੋਟ ਲਾਇਬ੍ਰੇਰੀਅਨ ਮਿਤੀ 14.3.19 ਕਿ ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਹਰ ਸਾਲ ਦੀ ਤਰ੍ਹਾਂ 2018-19 ਦੀ ਅਖ਼ਬਾਰਾਂ ਦੀ ਸਪਲਾਈ ਲੈਣ ਲਈ ਟੈਂਡਰ ਦੀ ਮੰਨਜ਼ੂਰੀ ਮਤਾ ਨੰ: 11 ਮਿਤੀ : 5.03.2018 ਨੂੰ ਹੋਈ ਸੀ। ਟੈਂਡਰ ਲੈਣ ਲਈ ਫਾਈਲ ਐਸ.ਸੀ. (ਬੀ.ਐਂਡ.ਆਰ) ਸ਼ਾਖਾ ਦੇ ਟੈਂਡਰ ਸੈੱਲ ਨੂੰ ਮਿਤੀ : 8.03.2018 ਨੂੰ ਭੇਜ਼ ਦਿੱਤੀ ਗਈ ਸੀ। ਪਰ ਉਨ੍ਹਾਂ ਵੱਲੋ ਟੈਂਡਰ ਨਹੀਂ ਲਗਾਇਆ ਗਿਆ ਸੀ। ਇਹ ਟੈਂਡਰ ਬੀ.ਐਂਡ.ਆਰ ਸ਼ਾਖਾ ਵੱਲੋ ਮਿਤੀ : 15.03.2019 ਨੂੰ ਲਗਾਇਆ ਗਿਆ ਸੀ। ਪਰ ਮਿਤੀ : 31.03.2019 ਤੱਕ ਸਪਲਾਈ ਲੈਣ ਕਾਰਨ ਇਸ ਦਾ ਕੋਈ ਵੀ ਫਾਈਦਾ ਨਹੀਂ ਹੋ ਸਕਦਾ ਸੀ। ਅਖ਼ਬਾਰਾ ਦੀ ਸਪਲਾਈ ਬੰਦ ਨਹੀਂ ਕੀਤੀ ਗਈ ਸੀ ਅਤੇ ਸਪਲਾਈ ਚਲਦੀ ਰਹੀ। ਟੈਂਡਰ ਹੋਣ ਤੋਂ ਬਾਅਦ ਫਾਈਲ ਮਾਣਯੋਗ ਕਮਿਸ਼ਨਰ ਜੀ ਨੂੰ ਭੇਜੀ ਗਈ ਤਾਂ ਉਨ੍ਹਾਂ ਨੇ ਇਹ ਫਾਈਲ ਡੀ.ਸੀ.ਐਫ.ਏ ਸਾਹਿਬ ਨੂੰ ਘੋਖ ਕਰਨ ਲਈ ਭੇਜੀ। ਡੀ.ਸੀ.ਐਫ.ਏ ਸਾਹਿਬ ਨੇ ਆਪਣੀ ਰਿਪੋਰਟ ਵਿੱਚ ਸਿਫਾਰਿਸ਼ ਕੀਤੀ ਕਿ ਨਵੇਂ ਟੈਂਡਰ ਦੀ ਸਪਲਾਈ ਵਾਲੇ ਐਲ.ਵਨ ਦੇ ਰੇਟਾਂ ਤੇ ਪੁਰਾਣੇ ਸਪਲਾਈ ਕਰਨ ਵਾਲੇ ਠੇਕੇਦਾਰ ਮੈਸਰਜ਼ ਸੁਭਾਸ਼ ਸ਼ਰਮਾਂ ਨੂੰ ਅਦਾਇਗੀ ਕਰ ਦਿੱਤੀ ਜਾਵੇ। 2019-20 ਲਈ ਅਖਬਾਰਾਂ ਦੀ ਸਪਲਾਈ ਦਾ ਟੈਂਡਰ ਲਗਾਇਆ ਜਾਵੇ ਅਤੇ ਨਵਾਂ ਟੈਂਡਰ ਹੋਣ ਤਕ ਅਖ਼ਬਾਰਾਂ ਦੀ ਸਪਲਾਈ ਬੰਦ ਕਰ ਦਿੱਤੀ ਜਾਵੇ।ਕਮਿਸ਼ਨਰ ਜੀ ਨੇ ਮਿਤੀ 28.6.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 16.7.19 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਡੀ.ਸੀ.ਐਫ.ਏ. ਦੀ ਰਿਪੋਰਟ ਅਨੁਸਾਰ ਸਾਲ 2018-19 ਲਈ ਪੁਰਾਣੇ ਸਪਲਾਈ ਕਰਨ ਵਾਲੇ ਠੇਕੇਦਾਰ ਮੈਸਰਜ਼ ਸੁਭਾਸ਼ ਸ਼ਰਮਾ ਨੂੰ ਅਦਾਇਗੀ ਕਰ ਦਿੱਤੀ ਜਾਵੇ।ਇਹ ਵੀ ਫੈਸਲਾ ਹੋਇਆ ਕਿ ਅਖ਼ਬਾਰਾਂ ਦੀ ਸਪਲਾਈ ਚਾਲੂ ਰੱਖੀ ਜਾਵੇ ਅਤੇ ਇਸ ਸਬੰਧੀ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ,

ਮੇਅਰ

25.7.2019

ਮਤਾ ਨੰ:-117
ਵਿਸ਼ਾ:- ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ। **(ਸਵੱਛ ਭਾਰਤ ਮਿਸ਼ਨ ਗ੍ਰਾਂਟ)**

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No | W. No | Name of Work | Est. Amt. | BoQ Amt | Name of Agency | Saving %age | Tender Amt. Rs. In Lac | House Resolution | Tender called (No. of times) | No. of Tender Received |
|---|---|---|---|---|---|---|---|---|---|---|
| 1 | Gen | Const. of Centre for composting including MRF and compost pits in Dakoha Village | 67.00 | 67.00 | Vikas Bansal, Contractor | 3.85 | 64.42 | Anticipation dt. 9.5.19 | 1st | 3 |
| 2 | Gen | Const. of Centre for composting including MRF and compost pits in Dhannowali | 65.53 | 65.53 | Rajesh Bansal | 3.66 | 63.13 | Anticipation dt. 9.5.19 | 1st | 3 |

ਇੰਜੀਨਿਅਰ -ਇੰਨ-ਚੀਫ ਵਲੋਂ ਤੁਲਨਾਤਮਕ ਸੂਚੀ ਨੂੰ ਵੈਟ ਕਰਨ ਸਮੇਂ ਪੱਤਰ ਨੰ: ਈ.ਆਈ.ਸੀ.: 29805 ਮਿਤੀ 2.7.2019 ਰਾਹੀਂ ਜੋ ਸ਼ੁਰਤਾਂ ਲਗਾਈਆਂ ਗਈਆਂ ਹਨ ਸਬੰਧੀ ਦੱਸਿਆ ਜਾਂਦਾ ਹੈ ਕਿ ***ਸਬੰਧਤ ਠੇਕੇਦਾਰ ਅਜੰਸੀਆਂ ਵਲੋਂ ਉਪਰੋਕਤ ਕੰਮਾਂ ਦੇ ਟੈਂਡਰਾਂ ਸਬੰਧੀ 5% ਸੇਵਿੰਗ ਤੇ ਕੰਮ ਕਰਨ ਲਈ ਸਹਿਮਤੀ ਦਿੱਤੀ ਹੈ ।*** ਰੇਟ ਵਾਜਬ ਹਨ ਅਤੇ ਟੈਂਡਰ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ।ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੇ ਆਦੇਸ਼ ਨਾਲ ਮੱਦ ਨੰ: 118 ਤੋਂ 121 ਰੈਗੁਲਰ ਅਜੰਡੇ ਦੇ ਬਾਹਰੋਂ ਲਈਆਂ ਗਈਆਂ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

ਮਤਾ ਨੰ:-118

ਵਿਸ਼ਾਂ:- ਸਾਲ 2019-20 ਲਈ ਸਟੇਸ਼ਨਰੀ ਦੀ ਖਰੀਦ ਕਰਨ ਬਾਰੇ। ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾਂ ਰੁਪਏ: 5,42,959/- ਟੈਂਡਰ ਅਮਾਉਂਟ ਰੁਪਏ: 3,80,071.30/-

ਅਜੰਸੀ : **M/s Gupta Elect. Store, Jal.**

ਉਪਰੋਕਤ ਵਿਸ਼ੇ ਤੇ ਕੰਮ ਕਰਾਉਣ ਲਈ ਮਾਰਕੀਟ ਵਿੱਚੋ ਕੁਟੇਸ਼ਣ ਲੈ ਕੇ ਤਖਮੀਨਾਂ ਰੁਪਏ 5,42,959/- ਦਾ ਜਨਰਲ ਸਟੋਰ ਸ਼ਾਖਾਂ ਵਲੋਂ ਤਿਆਰ ਕੀਤਾ ਗਿਆ ਸੀ। ਜ਼ਿਸ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਨੇ ਆਪਣੇ ਹੁੱਕਮ ਮਿਤੀ 18-01-2019 ਨੂੰ ਅਤੇ ਮਾਨਯੋਗ ਮੇਅਰ ਜੀ ਨੇ ਮਿਤੀ 07-03-2019 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਦੇ ਤੋਰ ਤੇ ਮੰਜ਼ੂਰੀ ਦਿੱਤੀ ਗਈ। ਉਕਤ ਕੰਮ ਦੇ ਟੈਂਡਰ ਮਿਤੀ 18-07-2019 ਨੂੰ ਮੰਗੇ ਗਏ, ਕੁੱਲ 6 ਟੈਂਡਰ ਪ੍ਰਾਪਤ ਹੋਏ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਠੇਕੇਦਾਰ ਦਾ ਨਾਂ | ਤਖਮੀਨਾ | ਸੇਵਿੰਗ(%) | ਟੈਂਡਰ ਅਮਾਉਂਟ |
|---|---|---|---|---|
| 1 | M/s Hari Const. Co., Jalandhar | 5,42,959/- | -25% | 407219.25 |
| 2 | M/s Gupta Elect. Store, Jalandhar | 5,42,959/- | -30% | 380071.30 |
| 3 | M/s Amit Traders, Jalandhar | 5,42,959/- | -20.01% | 434312.90 |
| 4 | EBONEY Printers | 5,42,959/- | -16.16% | 455216.83 |
| 5 | M/s Vijay Kalia Cont, Jalandhar | 5,42,959/- | -5.20% | 514725.13 |
| 6 | J.R.Printing Press | 5,42,959/- | -28.80% | 386586.81 |

ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਉਕਤ M/s Gupta Elect. Strore. Jal ਠੇਕੇਦਾਰ ਦਾ ਟੈਂਡਰ ਰੇਟ ਘੱਟ ਪਾਇਆ ਗਿਆ, ਜ਼ੋ ਕਿ ਰੂਪਏ 3,80,071/- ਵਿੱਚ ਕੰਮ ਕਰਨ ਨੂੰ ਤਿਆਰ ਹੈ। ਇਹ ਰੇਟ ਘੱਟ ਅਤੇ ਵਾਜਬ ਹੈ। ਸੁਪਰਡੰਟ ਸਟੋਰ ਨੇ ਮਿਤੀ 23.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਸੰਯੁਕਤ ਕਮਿਸ਼ਨਰ (ਏ) ਅਤੇ ਕਮਿਸ਼ਨਰ ਜੀ ਨੇ ਮਿਤੀ 23.7.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 25.7.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

ਮਤਾ ਨੰ:-119

ਵਿਸ਼ਾ:- **ਪ੍ਰੋਵਾਈਡਿੰਗ ਐਂਡ ਇੰਸਟਾਲੇਸ਼ਨ ਆਫ ਟਰੈਫਿਕ ਸਿਗਨਲ ਸੋਲਰ ਬਲੀਂਕਰ ਐਟ ਵਰਕਸ਼ਾਪ ਚੌਕ ਟੂ ਡੀ.ਏ.ਵੀ. ਫਲਾਈ ਓਵਰ ਨਿਅਰ ਗਾਂਧੀ ਕੈਂਪ ।(ਈ-ਟੈਂਡਰ ਪ੍ਰਵਾਨਗੀ ਹਿੱਤ)**

ਤਖਮੀਨਾ ਰੁਪਏ: 1,10,700/- ਕੁੱਲ ਪ੍ਰਾਪਤ ਵੈਲਿਡ ਟੈਂਡਰ = 3 (ਦੂਸਰੀ ਬਾਰੀ)
ਟੈਂਡਰ ਅਮਾਊਂਟ ਰੁਪਏ: 1,07,932/- ਸੇਵਿੰਗ 2.50%
ਅਜੰਸੀ ਦਾ ਨਾਮ:- ਮੈ: ਆਰ.ਆਰ ਇਲੈਕਟੋਨਿਕਸ ਚੰਡੀਗੜ੍ਹ।

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,10,700/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 69(20) ਮਿਤੀ 06-09-17 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਰਾਹੀਂ ਮਿਤੀ 20.06.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੋਏ। ਇਹਨਾ ਅਜੰਸੀਆਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਅਜੰਸੀਆਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਆਰ.ਆਰ ਇਲੈਕਟੋਨਿਕਸ ਚੰਡੀਗੜ੍ਹ ਦਾ ਰੇਟ ਬਾਕੀ ਅਜੰਸੀਆਂ ਨਾਲੋ ਘੱਟ ਪਾਇਆ ਗਿਆ। ਮੈ: ਆਰ.ਆਰ ਇਲੈਕਟੋਨਿਕਸ ਚੰਡੀਗੜ੍ਹ ਨੇ 2.50% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 1,10,700/- ਦਾ ਕੰਮ ਰੁਪਏ 1,07,932/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 2.07.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਕਰਨ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ ਨੇ ਆਪਣੇ ਨੋਟ ਮਿਤੀ 16.07.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿਚ ਪ੍ਰਵਾਨਗੀ ਲੈਣ ਹਿਤ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 23.7.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 25.7.2019 ਰਾਹੀਂ ਟੈਂਡਰ ਵਿੱਤ ਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ/ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-120**

ਵਿਸ਼ਾ:- ਪ੍ਰੋਵਾਈਡਿੰਗ ਐਂਡ ਇੰਸਟਾਲੇਸ਼ਨ ਆਫ ਟਰੈਫਿਕ ਸਿਗਨਲ ਸੋਲਰ ਬਲੀਂਕਰ ਐਟ ਐਚ.ਐਮ.ਵੀ ਚੌਕ ਨਿਅਰ ਨਿਉ ਗਰੀਨ ਮਾਰਕਿਟ ਐਂਡ ਦੁਰਗਾ ਕਲੌਨੀ ਚੌਕ। (ਈ-ਟੈਂਡਰ ਪ੍ਰਵਾਨਗੀ ਹਿੱਤ)

| | |
|---|---|
| ਤਖਮੀਨਾ | ਰੁਪਏ: 1,47,600/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ | = 3 (ਦੂਸਰੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 1,43,910/- ਸੇਵਿੰਗ 2.50% |
| ਅਜੰਸੀ ਦਾ ਨਾਮ:- | ਮੈ: ਆਰ.ਆਰ ਇਲੈਕਟੋਨਿਕਸ ਚੰਡੀਗੜ੍ਹ। |

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 1,47,600/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 69(19) ਮਿਤੀ 06-09-17 ਰਾਹੀਂ ਦਿੱਤੀ ਸੀ।ਇਸ ਕੰਮ ਦੇ ਟੈਂਡਰ ਅਖਬਾਰਾਂ ਰਾਹੀਂ ਮਿਤੀ 20.06.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਤੋ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੋਏ। ਇਹਨਾ ਅਜੰਸੀਆਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਅਜੰਸੀਆਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਆਰ.ਆਰ ਇਲੈਕਟੋਨਿਕਸ ਚੰਡੀਗੜ੍ਹ ਦਾ ਰੇਟ ਬਾਕੀ ਅਜੰਸੀਆਂ ਨਾਲੋ ਘੱਟ ਪਾਇਆ ਗਿਆ। ਮੈ: ਆਰ.ਆਰ ਇਲੈਕਟੋਨਿਕਸ ਚੰਡੀਗੜ੍ਹ ਨੇ 2.50% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 1,47,600/- ਦਾ ਕੰਮ ਰੁਪਏ 1,43,910/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ। ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 12.07.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਕਰਨ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ ਨੇ ਆਪਣੇ ਨੋਟ ਮਿਤੀ 16.07.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿਚ ਪ੍ਰਵਾਨਗੀ ਲੈਣ ਹਿਤ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 23.7.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 25.7.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ/ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019

**ਮਤਾ ਨੰ:-121**

ਵਿਸ਼ਾ:- ਗੋਪਾਲ ਨਗਰ ਵਿਖੇ ਲਗਾਏ ਜਾਣ ਵਾਲੇ ਹੈਡ ਬੋਰ ਟਿਉਬਵੈਲ ਦੀ ਸਾਈਟ ਚੇਂਜ ਕਰਕੇ ਅਮਨ ਨਗਰ ਵਿਖੇ ਲਗਾਊਣ ਦੀ ਪ੍ਰਵਾਨਗੀ ਬਾਰੇ। ਨਵਾਂ ਵਾਰਡ ਨੰ: 61

ਤਖਮੀਨਾ ਰੁਪਏ: 12,68,779/-
ਟੈਂਡਰ ਮੰਗੇ ਰੁਪਏ: 11,01,599/- (ਬਿਜਲੀ ਕੁਨੈਕਸ਼ਨ ਦੇ ਰਾਖਵੇ ਰੁਪਏ 1,67,000/-)
ਕੁੱਲ ਪ੍ਰਾਪਤ ਟੈਂਡਰ= 1 (ਚੌਥੀ ਬਾਰੀ)
ਟੈਂਡਰ ਅਮਾਊਂਟ ਰੁਪਏ: 10,96,091/- ਸੇਵਿੰਗ 0.50%
ਅਜੰਸੀ ਦਾ ਨਾਮ:- ਸ੍ਰੀ ਸੁਭਾਸ਼ ਸ਼ਰਮਾ ਗੋਰਮੈਂਟ ਕੰਟਰੈਕਟਰ
ਈ.ਪੀ.ਐਫ ਨੰ: PB JAL 35235 ESI No. 29000 63864 0000 999

ਉਪਰੋਕਤ ਵਿਸ਼ੇ ਤੇ ਟਿਉਬਵੈਲ ਲਗਾਉਣ ਲਈ ਤਖਮੀਨਾ ਰੁਪਏ 12,68,779/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 67(13) ਮਿਤੀ 01-2-16 ਰਾਹੀਂ ਦਿੱਤੀ ਸੀ। ਇਸ ਤਖਮੀਨੇ ਵਿੱਚੋ ਰੁਪਏ 1,67,000/- ਬਿਜਲੀ ਕੁਨੈਕਸ਼ਨ ਦੇ ਰਾਖਵੇ ਰੱਖ ਕੇ ਬਾਕੀ ਰੁਪਏ 11,01,599/- ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਐਨ.ਆਈ.ਟੀ ਨੰ: 30 ਮਿਤੀ 10.01.19 ਰਾਹੀਂ ਇਸ ਕੰਮ ਦੇ ਠੇਕੇਦਾਰਾਂ ਕੋਲੋ ਟੈਂਡਰ ਮਿਤੀ 05.02.19 ਰਾਹੀਂ ਮੰਗੇ ਗਏ, ਸਿਰਫ 1 ਟੈਂਡਰ ਪ੍ਰਾਪਤ ਹੋਇਆ ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ, ਜਿਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 34 ਮਿਤੀ 01.03.19 ਰਾਹੀਂ ਦਿੱਤੀ ਸੀ।

ਇਸ ਕੰਮ ਦਾ ਇਕਰਾਰਨਾਮਾ ਕਰ ਲਿਆ ਗਿਆ ਅਤੇ ਵਰਕ ਆਰਡਰ ਨੰ: ਸੀ.ਈ/ਈ.ਟੀ/72 ਮਿਤੀ 07.03.19 ਜਾਰੀ ਕੀਤਾ ਗਿਆ ਅਤੇ ਕੰਮ ਮੁਕੰਮਲ ਕਰਨ ਲਈ 4 ਮਹੀਨੇ ਦਾ ਸਮਾ ਦਿੱਤਾ ਗਿਆ, ਪਰੰਤੂ ਟਿਉਬਵੈਲ ਲਗਾਉਣ ਲਈ ਕੋਈ ਸਾਈਡ ਉਪਲਬੱਧ ਨਹੀ ਕਰਵਾਈ ਗਈ ਅਤੇ ਨਾ ਹੀ ਮੋਕੇ ਤੇ ਟਿਉਬਵੈਲ ਲਗਾਉਣ ਦਾ ਕੰਮ ਸ਼ੁਰੂ ਕੀਤਾ ਜਾ ਸਕੀਆ।

ਐਮ.ਐਲ.ਏ ਜਲੰਧਰ ਨਾਰਥ ਸ੍ਰੀ ਅਵਤਾਰ ਸ੍ਰੀ ਜੁਨੀਅਰ (ਹੈਨਰੀ) ਜੀ ਨੇ ਪੱਤਰ ਮਿਤੀ 18.07.19 ਰਾਹੀਂ ਮਾਨਯੋਗ ਕਮਿਸ਼ਨਰ ਜੀ ਨੂੰ ਲਿਖਿਆ ਹੈ ਕਿ ਅਮਨ ਨਗਰ ਵਾਰਡ ਨੰ: 61 ਨਵਾਂ ਵਿਖੇ ਪੀਣ ਵਾਲੇ ਪਾਣੀ ਦੀ ਬਹੁਤ ਘਾਟ ਹੈ। ਇਸ ਲਈ ਹਾਲ ਦੀ ਘੜੀ ਗੋਪਾਲ ਨਗਰ ਪੁਰਾਣਾ ਵਾਰਡ ਨੰ: 25 ਵਾਲਾ ਅਲਾਟ ਟਿਉਬਵੈਲ ਅਮਨ ਨਗਰ ਵਿਖੇ ਲਗਵਾ ਦਿੱਤਾ ਜਾਵੇ ਤਾਂ ਜ਼ੋ ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਪਾਣੀ ਮੁਹਇਆ ਹੋ ਸਕੇ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਗੋਪਾਲ ਨਗਰ ਵਾਲਾ ਅਲਾਟ ਟਿਉਬਵੈਲ ਅਮਨ ਨਗਰ ਵਿਖੇ ਲਗਾਉਣ ਲਈ ਸਾਈਟ ਚੇਂਜ ਕਰਨ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 2.07.2019 ਰਾਹੀਂ ਸਾਈਟ ਚੇਂਜ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ ਨੇ ਆਪਣੇ ਨੋਟ ਮਿਤੀ 18.07.19 ਰਾਹੀਂ ਸਾਈਟ ਚੇਂਜ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿਚ ਪ੍ਰਵਾਨਗੀ ਲੈਣ ਹਿਤ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 23.7.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 25.7.2019 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ/ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.7.2019